SED-EDU4011/50/2023-5EDU4

I/738447/2023

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-4 ਸ਼ਾਖਾ)

ਹੁਕਮ

ਸ੍ਰੀਮਤੀ ਪਰਮਜੀਤ ਕੌਰ, ਪ੍ਰਿੰਸੀਪਲ ਸਸਸਸ ਗੁਮਾਨਪੁਰਾ, ਜਿਲ੍ਹਾ ਅੰਮ੍ਰਿਤਸਰ ਦੀ ਸਰਕਾਰ ਦੇ ਹੁਕਮ ਨੰ: SED-EDU4011/50/2023-5EDU4/ I/647546/2023 ਮਿਤੀ 21.09.2023 ਰਾਹੀਂ ਸਸਸਸ (ਮੁੰਡੇ) ਪੱਟੀ, ਜਿਲ੍ਹਾ ਤਰਨ ਤਾਰਨ ਵਿਖੇ ਬਦਲੀ ਕੀਤੀ ਗਈ ਸੀ। ਜਿਸਨੂੰ ਉਸ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 21647 ਆਫ 2023 ਰਾਹੀਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਚੁਣੌਤੀ ਦਿੱਤੀ ਗਈ ਸੀ ਅਤੇ ਸਟੇਅ ਹਾਸਲ ਕਰ ਲਈ ਸੀ। ਜਿਸਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਗਏ:-

"In the meantime, the effect and operation of order dated 20.09.2023 (Annexure P/21), passed by the Secretary, Punjab Govt. School Education Department, on the approval of the Education Minister, shall remain stayed, till further orders and the petitioner shall also be paid salary regularly."

2. ਮਾਨਯੋਗ ਕੋਰਟ ਵੱਲੋਂ ਦਿੱਤੀ ਗਈ ਸਟੇਅ ਦੇ ਹੁਕਮਾਂ ਦੇ ਸਨਮੁੱਖ ਸਰਕਾਰ ਦੇ ਹੁਕਮ ਨੰ: SED-EDU4011/50/2023-5EDU4/ I/647546/2023 ਮਿਤੀ 21.09.2023 ਤੇ ਮੁੜ ਵਿਚਾਰ ਕੀਤਾ ਗਿਆ। ਸਰਕਾਰ ਦੇ ਹੁਕਮ ਨੰ: SED-EDU401/98/2023-1EDU4/I/729254/2023 ਮਿਤੀ 22.11.2023 ਰਾਹੀਂ ਸ੍ਰੀ ਬਿਕਰਮਜੀਤ ਸਿੰਘ, ਉੱਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਕਪੂਰਥਲਾ ਨੂੰ ਸਟੇਟ ਐਵਾਰਡੀ ਹੋਣ ਕਾਰਨ ਇੱਕ ਸਾਲ ਦਾ ਵਾਧਾ ਦਿੰਦੇ ਹੋਏ ਬਤੌਰ ਪ੍ਰਿੰਸੀਪਲ ਸਸਸਸ (ਮੁੰਡੇ) ਪੱਟੀ, ਜਿਲ੍ਹਾ ਤਰਨ ਤਾਰਨ ਵਿਖੇ ਤੈਨਾਤ ਕੀਤਾ ਜਾ ਚੁੱਕਾ ਹੈ। ਇਸ ਲਈ ਹੁਣ ਸ੍ਰੀਮਤੀ ਮਨਮੀਤ ਕੌਰ, ਪ੍ਰਿੰਸੀਪਲ ਸਸਸਸ ਛਹਿਰਟਾ ਤੋਂ ਸਸਸਸ ਗੁਮਾਨਪੁਰਾ ਦਾ ਦਿੱਤਾ ਗਿਆ ਵਾਧੂ ਚਾਰਜ ਵਾਪਸ ਲੈਂਦੇ ਹੋਏ ਸ੍ਰੀਮਤੀ ਪਰਮਜੀਤ ਕੌਰ, ਪ੍ਰਿੰਸੀਪਲ ਨੂੰ ਸਸਸਸ ਗੁਮਾਨਪੁਰਾ, ਜਿਲ੍ਹਾ ਅੰਮ੍ਰਿਤਸਰ ਵਿਖੇ ਖਾਲੀ ਥਾਂ ਤੇ ਤੈਨਾਤ ਕੀਤਾ ਜਾਂਦਾ ਹੈ।

3. ਇਹ ਹੁਕਮ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

4. ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ:
07.12.2023

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੱ.ਅੰ. ਨੰ:/ਉਕਤ ਮਿਤੀ, ਚੰਡੀਗੜ੍ਹ: 07.12.2023

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਤੁਰੰਤ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕੀਤਾ ਜਾਵੇ।
2) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
3) ਜਿਲ੍ਹਾ ਸਿੱਖਿਆ ਅਫਸਰ (ਸੈਸਿ), ਅੰਮ੍ਰਿਤਸਰ/ਤਰਨ ਤਾਰਨ।
4) ਸ੍ਰੀਮਤੀ ਪਰਮਜੀਤ ਕੌਰ, ਪ੍ਰਿੰਸੀਪਲ ਸਸਸਸ ਗੁਮਾਨਪੁਰਾ, ਅੰਮ੍ਰਿਤਸਰ।

(ਸੁਰਜੀਤ ਸਿੰਘ)
ਸੁਪਰਡੰਟ